General Certificate of Education
June 2006
Advanced Subsidiary Examination

**PANJABI** **PAN2**
**Unit 2 Culture and Society**

Tuesday 13 June 2006 9.00 am to 12 noon

| **For this paper you must have:** |
|---|
| • a 12-page answer book |

Time allowed: 3 hours

**Instructions**
- Use blue or black ink or ball-point pen.
- Write the information required on the front of your answer book.
- Answer **all** questions in Section 1 and **two** questions from Section 2.
  Please note that in Section 2 you are not allowed to answer both questions on the same topic.
- Answer in **Panjabi**.
- Do all rough work in the answer book. Cross through any work you do not want marked.

**Information**
- The maximum mark for this paper is 100.
- The marks for questions are shown in brackets.
- You are reminded of the need for clear presentation.
- You must **not** use a dictionary at any time during this examination.
- This unit is divided into two sections:
  Section 1 – 20 marks
  Section 2 – 80 marks

**Advice for Section 2**
- You are strongly advised to write a plan before beginning each answer.
- To obtain high marks you must give details and facts and express your own opinions/draw your own conclusions. At all times you should explain and justify your answers.

## ਸੈਕਸ਼ਨ - 1

**Question 1 (a)**

ਹੇਠ ਦਿੱਤੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਤੇ ਅਧਾਰਿਤ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ। ਹਰ ਉੱਤਰ ਪੂਰੇ ਵਾਕਾਂ ਵਿੱਚ ਪ੍ਰਸ਼ਨ ਅਨੁਕੂਲ ਹੀ ਹੋਣਾ ਚਾਹੀਦਾ ਹੈ।

**ਪੰਜਾਬੀ ਗਾਇਕੀ ਹੁਣ ਸੁਣਨ ਦੀ ਨਹੀਂ**
**ਬਲਕਿ ਦੇਖਣ ਦੀ ਸ਼ੈਅ ਬਣ ਕੇ ਰਹਿ ਗਈ**

ਦਮਦਾਰ ਗਾਇਕਾਂ ਨੂੰ ਗੀਤਾਂ ਦੇ ਅਸ਼ਲੀਲ ਫਿਲਮਾਂਕਣ ਜਾਂ ਆਪਣੇ ਗੈਰ-ਕੁਦਰਤੀ ਚਿਹਰਿਆਂ ਨੂੰ ਉਭਾਰਨ ਦੀ ਲੋੜ ਨਹੀਂ ਹੁੰਦੀ। ਜੇ ਅਵਾਜ਼ ਵਿੱਚ ਦਮ, ਸੰਗੀਤ ਵਿੱਚ ਲੈਅ ਅਤੇ ਬੋਲਾਂ ਵਿੱਚ ਢੁੱਕਵਾਂ ਆਕਰਸ਼ਣ ਹੋਵੇ ਤਾਂ ਸਰੋਤੇ ਆਪਣੇ-ਆਪ ਨੱਚਣ ਲੱਗ ਪੈਂਦੇ ਹਨ। ਅਜਿਹੇ ਗਾਇਕਾਂ ਦੀ ਸਿਫਤ ਵੀ ਹੁੰਦੀ ਹੈ ਤੇ ਗਾਇਕੀ ਦੀ ਉਮਰ ਵੀ ਲੰਬੀ।

ਗੀਤ-ਸੰਗੀਤ ਦੇ ਆਰੰਭ ਤੋਂ ਹੀ ਚੰਗੀ ਗਾਇਕੀ ਦੀ ਪਛਾਣ ਚਿਹਰਾ ਨਹੀਂ, ਸਗੋਂ ਗਾਇਕ ਦੀ ਅਵਾਜ਼ ਰਹੀ ਹੈ। ਪਰ ਅੱਜ ਇਸ ਹਕੀਕਤ ਉੱਤੇ ਕਾਲਖ ਫਿਰ ਰਹੀ ਹੈ। ਗਲੇ ਦੀ ਗਾਇਕੀ ਦੇ ਬਜਾਏ ਇਸ ਨੂੰ ਚਿਹਰੇ ਦੀ ਗਾਇਕੀ ਵਜੋਂ ਥੋਪਿਆ ਜਾ ਰਿਹਾ ਹੈ। ਬੇਸੁਰੇ, ਤੁਕ ਬੰਦੀਏ ਗਾਇਕ, ਸੰਗੀਤਕਾਰ ਅਤੇ ਘਟੀਆ ਸੰਗੀਤ ਕੰਪਨੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਣਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਅਜਿਹੇ ਵਾਤਾਵਰਣ ਵਿੱਚ ਉੱਚ ਕੋਟੀ ਦੇ ਗਾਇਕਾਂ, ਗੀਤਕਾਰਾਂ ਅਤੇ ਸੰਗੀਤਕਾਰਾਂ ਦੀ ਕਦਰ ਘਟ ਰਹੀ ਹੈ। ਯੋਗਤਾ ਦੇ ਅਧਾਰ ਤੇ ਗਾਇਕਾਂ ਦਾ ਅੱਗੇ ਵਧਣਾ ਧੱਕੇਸ਼ਾਹ ਗਾਇਕਾਂ ਨੇ ਮੁਸ਼ਕਲ ਕਰ ਦਿੱਤਾ ਹੈ। ਨਵੇਂ ਉੱਠੇ ਗਾਇਕਾਂ ਵਿੱਚੋਂ ਕਈ ਕੱਚੇ ਗਾਇਕ ਸਮਝਦੇ ਹਨ ਕਿ ਉਹ ਪੈਸੇ ਦੇ ਜ਼ੋਰ ਨਾਲ ਟੀ. ਵੀ. ਚੈਨਲਾਂ ਤੇ ਆਪਣੀਆਂ ਵਿਡੀਓ ਦਿਖਾ ਕੇ ਗਾਇਕੀ ਵਿੱਚ ਆਪਣੀ ਥਾਂ ਬਣਾ ਲੈਣਗੇ। ਇਹ ਉਨ੍ਹਾਂ ਦਾ ਭਰਮ ਹੈ।

ਪੰਜਾਬੀ ਗਾਇਕੀ ਦਾ ਗੌਰਵਮਈ ਇਤਿਹਾਸ ਹੈ। ਸਾਂਝੇ ਥੜ੍ਹਿਆਂ ਤੇ ਖੁੱਲ੍ਹੇ ਅਖਾੜੇ ਲਾ ਕੇ ਕਦੇ ਗਾਇਕ ਇਤਿਹਾਸਿਕ ਕਿੱਸੇ ਕਹਾਣੀਆਂ ਗਾਉਂਦੇ ਸਨ। ਗਾਇਕ ਜੋੜੀਆਂ ਪਰਿਵਾਰਕ ਨਾਤਿਆਂ ਦੇ ਸਵਾਲ ਜਵਾਬ ਦੇ ਰੂਪ ਵਿੱਚ ਗੀਤ ਜਾਂ ਫਿਰ ਜਥੇ, ਢੱਡ ਸਾਰੰਗੀ ਨਾਲ ਇਤਿਹਾਸਕ ਯੋਧਿਆਂ ਦੀਆਂ ਵਾਰਾਂ ਪੇਸ਼ ਕਰਦੇ ਹੁੰਦੇ ਸਨ।

ਨਵੇਂ ਦੌਰ ਨੇ ਸਰੋਤਿਆਂ ਦੀ ਸੋਚ ਨੂੰ ਦਰਸ਼ਕਾਂ ਦੀ ਰੁਚੀ ਵਿੱਚ ਬਦਲ ਕੇ ਰੱਖ ਦਿੱਤਾ ਹੈ। ਗੀਤ ਨੂੰ ਪਹਿਲਾਂ ਟੀ. ਵੀ. ਚੈਨਲਾਂ ਤੇ ਦਿਖਾਇਆ ਜਾਂਦਾ ਹੈ। ਬਾਅਦ ਵਿੱਚ ਸੁਣਨ ਲਈ ਕੈਸਿਟ ਮਾਰਕੀਟ ਵਿੱਚ ਭੇਜੀ ਜਾਂਦੀ ਹੈ। ਵਿਡੀਓ ਬਣਾਉਣ ਸਮੇਂ ਤਾਂ ਸਭ ਹੱਦਾਂ ਬੰਨ੍ਹੇ ਟਪਾ ਦਿੱਤੇ ਜਾਂਦੇ ਹਨ। ਇੱਥੋਂ ਤੱਕ ਕਿ ਭਾਵੇਂ ਗੀਤ ਗਰਾਰੇ ਜਾਂ ਸੂਟ ਦਾ ਹੋਵੇ ਜਾਂ ਫਿਰ ਲੜਕੀ ਦੀਆਂ ਅਦਾਵਾਂ ਦੀ ਸਿਫਤ ਦਾ, ਪਰ ਉਸ ਨੂੰ ਅੱਧ-ਪਚੱਧਾ ਸਰੀਰ ਢੱਕਦੇ ਕੱਪੜਿਆਂ ਵਿੱਚ ਪੇਸ਼ ਕੀਤਾ ਹੁੰਦਾ ਹੈ। ਇਸ ਮਸਲੇ ਵਿੱਚ ਉਲਝੇ ਲੋਕ ਦੱਸੋ ਭਲਾ ਕਦੋਂ ਚੰਗੀ ਗਾਇਕੀ ਦੇ ਪਾਰਖੂ ਬਣ ਸਕਣਗੇ ? ਉਹ ਤਾਂ ਦੇਖਣ ਜੋਗੇ ਹੀ ਰਹਿ ਗਏ, ਸੁਣਨ ਦੀ ਗੱਲ ਤਾਂ ਸ਼ਾਇਦ ਉਹ ਕਰਨਗੇ ਹੀ ਨਹੀਂ।

Source: Adapted from *Des Pardes*, 31 December 2004

(i) ਵਾਰਤਾ ਦੇ ਸਿਰਲੇਖ (title) ਵਿੱਚ ਪੰਜਾਬੀ ਗਾਇਕੀ ਬਾਰੇ ਦਿੱਤੇ ਵਿਚਾਰ ਨੂੰ ਆਪਣੇ ਸ਼ਬਦਾਂ ਵਿੱਚ ਦੱਸੋ । *(2 marks)*

(ii) ਤੁਹਾਡੇ ਵਿਚਾਰਾਂ ਅਨੁਸਾਰ ਚੰਗੀ ਗਾਇਕੀ ਦੀ ਪਰਖ ਕਿਨ੍ਹਾਂ ਗੱਲਾਂ ਤੇ ਅਧਾਰਿਤ ਹੋਣੀ ਚਾਹੀਦੀ ਹੈ ? *(2 marks)*

(iii) ਅੱਜ-ਕੱਲ੍ਹ ਦੇ ਚੰਗੇ ਗਾਇਕਾਂ ਤੇ ਸੰਗੀਤਕਾਰਾਂ ਨੂੰ ਅੱਗੇ ਵਧਣ ਵਿੱਚ ਮੁਸ਼ਕਲਾਂ ਕਿਉਂ ਆ ਰਹੀਆਂ ਹਨ ? *(2 marks)*

(iv) ਵਾਰਤਾ ਅਨੁਸਾਰ ਪੁਰਾਣੀ ਗਾਇਕੀ ਅੱਜ-ਕੱਲ੍ਹ ਦੀ ਗਾਇਕੀ ਨਾਲੋਂ ਕਿਵੇਂ ਵੱਖਰੀ ਹੈ ? *(2 marks)*

(v) ਅੱਜ-ਕੱਲ੍ਹ ਦੇ ਸਮੇਂ ਵਿੱਚ ਪੰਜਾਬੀ ਗਾਇਕ ਆਪਣੇ ਗੀਤਾਂ ਨੂੰ ਮਸ਼ਹੂਰ ਕਰਨ ਲਈ ਕੀ ਕੀ ਯਤਨ ਕਰਦੇ ਹਨ ? *(2 marks)*

**Question 1 (b)**

ਹੇਠ ਲਿਖੇ ਪੈਰੇ ਦਾ ਪੰਜਾਬੀ ਵਿੱਚ ਉਲਥਾ ਕਰੋ :

We live in a nation where alcohol drinking is high with binge-drinking on the increase, particularly among young people. One recent Friday, the drunken groups caused so much trouble that it was labelled ‘Black Friday’ by exhausted police.

Sir John Stevens, the UK’s most senior police officer reports an increase in assaults on police is linked to heavy drinking. He has spoken against the new licensing laws and said that 24-hour licensing will only make the problem worse. However, experts hope that longer hours will encourage more sensible drinking and steady the flow of drinkers onto the streets.

Binge-drinking is a serious issue and we need to learn from our European neighbours about how to develop less dangerous attitudes towards alcohol.

Source: Adapted from *Daily Mirror,* 29 December 2004

*(10 marks)*

**Turn over for Section 2**

**Turn over ▶**

## ਸੈਕਸ਼ਨ - 2

ਇਸ ਭਾਗ ਵਿੱਚ ਤਿੰਨ ਟੌਪਿਕ ਸਾਹਿਤਕ ਅਤੇ ਤਿੰਨ ਅਣ-ਸਾਹਿਤਕ ਹਨ। ਹਰ ਟੌਪਿਕ ਬਾਰੇ ਦੋ ਦੋ ਬਦਲਵੇਂ ਪ੍ਰਸ਼ਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

---

**Literary Topics**

**Topic 1**

**ਬਰਤਾਨਵੀ ਪੰਜਾਬੀ ਨਿੱਕੀ ਕਹਾਣੀ**
**(The British-Panjabi Short Story)**

**Question 2**

**EITHER** (a) ਤੁਸੀਂ ਕਿਹੜਾ ਪੰਜਾਬੀ ਕਹਾਣੀ ਸੰਗ੍ਰਹਿ ਪੜ੍ਹਿਆ ਹੈ ਅਤੇ ਇਸ ਦਾ ਲੇਖਕ ਕੌਣ ਹੈ ? ਲੇਖਕ ਦੀ ਕਹਾਣੀ-ਕਲਾ ਬਾਰੇ ਆਪਣੇ ਵਿਚਾਰ ਖੋਲ੍ਹ ਕੇ ਦੱਸੋ। ਇਸ ਲਿਖਤ ਨੂੰ ਸੁਧਾਰਨ ਲਈ ਤੁਸੀਂ ਲੇਖਕ ਨੂੰ ਕੀ ਸੁਝਾਅ ਦੇਵੋਗੇ ?

*(40 marks)*

**OR** (b) ਜੋ ਵੀ ਬਰਤਾਨਵੀ ਪੰਜਾਬੀ ਸੰਗ੍ਰਹਿ ਤੁਸੀਂ ਪੜ੍ਹਿਆ ਹੈ, ਉਸ ਵਿੱਚੋਂ ਕੋਈ ਦੋ ਕਹਾਣੀਆਂ ਚੁਣੋ। ਤੁਹਾਡੇ ਵਿਚਾਰ ਅਨੁਸਾਰ ਇਨ੍ਹਾਂ ਵਿੱਚ ਪੇਸ਼ ਕੀਤੇ ਪੱਖ (aspects) ਅਸਲੀ ਜ਼ਿੰਦਗੀ ਨਾਲ ਕਿੰਨਾ ਕੁ ਸਬੰਧ ਰੱਖਦੇ ਹਨ ? ਉਦਾਹਰਣਾਂ ਸਹਿਤ ਬਿਆਨ ਕਰੋ।

*(40 marks)*

**Topic 2**

**ਪੰਜਾਬੀ ਨਾਵਲ**
**(The Panjabi Novel)**

**Question 3**

**EITHER** (a) ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਤੋਂ ਤੁਸੀਂ ਉਸ ਦੇ ਪਾਤਰਾਂ ਦੀ ਜ਼ਿੰਦਗੀ ਬਾਰੇ ਕੀ ਕੁਝ ਸਿੱਖਿਆ ? ਤੁਸੀਂ ਪਾਠਕਾਂ ਨੂੰ ਇਹ ਨਾਵਲ ਪੜ੍ਹਨ ਬਾਰੇ ਪ੍ਰੇਰਿਤ ਕਰਨ ਲਈ ਕੀ ਕਹਿਣਾ ਚਾਹੋਗੇ ?

*(40 marks)*

**OR** (b) ਇੱਕ ਚੰਗੇ ਨਾਵਲ ਵਿੱਚ ਕਿਹੜੇ ਗੁਣਾਂ ਦਾ ਹੋਣਾ ਜ਼ਰੂਰੀ ਹੈ ? ਜਿਹੜਾ ਨਾਵਲ ਤੁਸੀਂ ਪੜ੍ਹਿਆ ਹੈ, ਉਸ ਵਿੱਚ ਇਹ ਗੁਣ ਕਿੱਥੋਂ ਤੱਕ ਪਾਏ ਜਾਂਦੇ ਹਨ ? ਇੱਕ ਲੇਖ ਦੇ ਰੂਪ ਵਿੱਚ ਲਿਖੋ।

*(40 marks)*

## Topic 3

## ਪੰਜਾਬੀ ਆਤਮਕਥਾ
## (Panjabi Autobiography)

**Question 4**

**EITHER** (a) ਤੁਸੀਂ 'ਸਵੈ-ਜੀਵਨੀ' ਦੀ ਕਿਹੜੀ ਪੁਸਤਕ ਪੜ੍ਹੀ ਹੈ ਅਤੇ ਇਸਦਾ ਲੇਖਕ ਕੌਣ ਹੈ ? ਇਸ ਤੋਂ ਤੁਸੀਂ ਲੇਖਕ ਦੇ ਜੀਵਨ ਬਾਰੇ ਕੀ ਜਾਣਕਾਰੀ ਪ੍ਰਾਪਤ ਕੀਤੀ ? ਇੱਕ ਲੇਖ ਦੇ ਰੂਪ ਵਿੱਚ ਲਿਖੋ।

*(40 marks)*

**OR** (b) ਕੋਈ ਵੀ ਸਵੈ-ਜੀਵਨੀ ਦੀ ਪੁਸਤਕ ਜੋ ਤੁਸੀਂ ਪੰਜਾਬੀ ਵਿੱਚ ਪੜ੍ਹੀ ਹੈ, ਉਸਦੇ ਗੁਣਾਂ ਔਗੁਣਾਂ ਨੂੰ ਸਾਹਮਣੇ ਰੱਖਦੇ ਹੋਏ 'ਬੁੱਕ ਰਿਵੀਊ' ਦੇ ਰੂਪ ਵਿੱਚ ਇੱਕ ਲੇਖ ਲਿਖੋ।

*(40 marks)*

**Turn over for the next question**

**Turn over ▸**

## Non-Literary Topics

### Topic 1

### 1947 ਤੋਂ ਬਾਅਦ ਦੇ ਪੰਜਾਬ ਦਾ ਸਮਾਜਿਕ ਤੇ ਆਰਥਿਕ ਅਧਿਐਨ
### (Socio-Economic Study of the Panjab (India) Since 1947)

**Question 5**

**EITHER** (a) 1947 ਵਿੱਚ ਭਾਰਤ ਦੀ ਵੰਡ ਦਾ ਪੰਜਾਬ ਤੇ ਪੰਜਾਬੀ ਲੋਕਾਂ ਦੀ ਜ਼ਿੰਦਗੀ ਤੇ ਕੀ ਅਸਰ ਹੋਇਆ ? ਇਸ ਬਾਰੇ ਜਾਣਕਾਰੀ ਦਿੰਦੇ ਹੋਏ ਆਪਣੇ ਵਿਚਾਰ ਲਿਖੋ ।

*(40 marks)*

**OR** (b) ਪੰਜਾਬ ਨੂੰ ਭਾਰਤ ਦਾ 'ਅੰਨ-ਦਾਤਾ' ਰਾਜ ਕਰਕੇ ਜਾਣਿਆ ਜਾਂਦਾ ਹੈ । ਇਸ ਕਥਨ ਵਿੱਚ ਕਿੰਨੀ ਕੁ ਸੱਚਾਈ ਹੈ ? ਪੰਜਾਬ ਦੀ ਖੇਤੀਬਾੜੀ ਨੂੰ ਕਾਇਮ ਰੱਖਣ ਵਿੱਚ ਕੀ ਮੁਸ਼ਕਲਾਂ ਆ ਰਹੀਆਂ ਹਨ ? ਇੱਕ ਲੇਖ ਦੇ ਰੂਪ ਵਿੱਚ ਲਿਖੋ ।

*(40 marks)*

### Topic 2

### ਅਠਾਰਵੀਂ ਤੇ ਉਨ੍ਹੀਵੀਂ ਸਦੀ ਦੇ ਪੰਜਾਬ ਦਾ ਇਤਿਹਾਸ
### (18th and 19th Century History of the Panjab)

**Question 6**

**EITHER** (a) "ਸਿੱਖ ਧਰਮ ਦਾ ਪੌਦਾ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੂਨ ਨਾਲ ਸਿੰਜ ਕੇ ਪਾਲਿਆ", ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਇੱਕ ਲੇਖ ਲਿਖੋ ।

*(40 marks)*

**OR** (b) ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਕੀਤੇ ਗਏ ਸਿੱਖ ਰਾਜ ਦਾ ਅੰਤ ਕਿਵੇਂ ਹੋਇਆ ? ਇਸ ਵਿੱਚ ਅੰਗ੍ਰੇਜ਼ਾਂ ਦਾ ਕਿੱਥੋਂ ਤੱਕ ਹੱਥ ਸੀ ? ਇੱਕ ਲੇਖ ਦੇ ਰੂਪ ਵਿੱਚ ਲਿਖੋ ।

*(40 marks)*

## Topic 3

## ਭਾਰਤ ਤੇ ਪ੍ਰਦੇਸ ਵਿੱਚ ਪੰਜਾਬੀ ਭਾਈਚਾਰਾ
**(The Panjabi Community in India and Abroad)**

**Question 7**

**EITHER** (a) ਪੰਜਾਬ ਤੇ ਬਰਤਾਨੀਆਂ ਵਿੱਚ ਵਸਦੇ ਪੰਜਾਬੀ ਲੋਕਾਂ ਦੀ ਰਹਿਣੀ ਬਹਿਣੀ ਕਿਵੇਂ ਮਿਲਦੀ ਜੁਲਦੀ ਹੈ ਤੇ ਕਿਵੇਂ ਵੱਖਰੀ ਹੈ ? ਆਪਣੇ ਤਜਰਬੇ ਤੇ ਅਧਾਰਿਤ ਇੱਕ ਲੇਖ ਲਿਖੋ ।

*(40 marks)*

**OR** (b) "ਬਰਤਾਨੀਆਂ ਵਿੱਚ ਪੰਜਾਬੀਆਂ ਦੇ ਧਾਰਮਿਕ ਸਥਾਨ ਪੰਜਾਬੀ ਭਾਈਚਾਰੇ ਲਈ ਧਾਰਮਿਕ ਕੇਂਦਰ ਹੀ ਨਹੀਂ ਸਗੋਂ ਸਮਾਜਿਕ ਕੇਂਦਰ ਵੀ ਹਨ ।" ਇਸ ਕਥਨ ਨਾਲ ਤੁਸੀਂ ਕਿੱਥੋਂ ਤੱਕ ਸਹਿਮਤ ਹੋ ? ਦਲੀਲਾਂ ਸਹਿਤ ਇੱਕ ਲੇਖ ਲਿਖੋ ।

*(40 marks)*

**END OF QUESTIONS**

**There are no questions printed on this page**

Copyright © 2006 AQA and its licensors. All rights reserved.